# ''ਇੱਕ ਔਰਤ ਦਾ ਯਿਸ਼ੂ ਨੂੰ ਇੱਕ ਖੂੰਹ ਉੱਤੇ ਮਿਲਣਾ।

ਬੱਚਿਆਂ ਨੂੰ ਸਿਖਾਉ ਕਿ ਉਹ ਹਮੇਸ਼ਾ ਗਵਾਹੀ ਦੇਣ ਲਈ ਤਿਆਰ ਰਹਿਣ।

ਇੰਨ੍ਹਾਂ ਸਿਖਾਉਣ ਵਾਲੀਆਂ ਗਤੀਵਿਧੀਆ ਵਿੱਚੋ ਬੱਚਿਆਂ ਲਈ ਚੁਣੋਂ, ਉਹ ਜਿਹੜੀਆਂ ਉਨ੍ਹਾਂ ਦੀਆਂ ਜ਼ਰੂਰਤਾਂ ਲਈ ਅਤੇ ਸਥਾਨਕ ਰੀਤਿ ਰਿਵਾਜ ਲਈ ਸਹੀ ਹਨ।

## ਇੱਕ ਸਾਮਰੀ ਔਰਤ

ਇੱਕ ਵੱਡਾ ਬੱਚਾ ਜਾ ਅਧਿਆਪਕ ਪੜੇ ਜਾਂ ਸਾਮਰੀ ਔਰਤ ਦੀ ਕਹਾਣੀ ਦੱਸੇ, ਯਹੂੰਨਾ 4:4-42 ਵਿੱਚ, ਇਹ ਦਿਖਾਦੀ ਹੈ ਕਿਵੇ ਯਿਸ਼ੂ ਹਰੇਕ ਜਣੇ ਨੂੰ ਦੱਸਣ ਵਾਸਤੇ ਤਿਆਰ ਸੀ ਅਤੇ ਉਹ ਨੂੰ ਮਿਲ ਕੇ, ਪਰਮੇਸ਼ਵਰ ਦੇ ਸ਼ੁੱਭ ਸੰਦੇਸ਼ ਪਿਆਰ, ਮਾਫੀ ਦੇਣ ਲਈ, ਅਤੇ ਸਦੀਪਕ ਜੀਵਨ ਬਾਰੇ ਦੱਸਦੇ ਸਨ।



**ਜੇਕਰ ਅਸਾਨੀ ਹੋਵੇ ਤਾਂ ਬੱਚੇ ਇਸ ਤਸਵੀਰ ਵਿੱਚ ਰੰਗ ਭਰਨ।**

**ਪ੍ਰਸ਼ਨ:-** ਇਸ ਕਹਾਣੀ ਨੂੰ ਦੱਸਣ ਦੇ ਬਾਦ, ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ। ਹਰ ਪ੍ਰਸ਼ਨ ਦੇ ਬਾਦ ਵਿਚ ਉੱਤਰ ਦਿੱਤਾ ਗਿਆ ਹੈ।

- ਯਿਸ਼ੂ ਖੂਹ ਉੱਤੇ ਕੀ ਕਰ ਰਹੇ ਸਨ? (ਆਇਤ 6 ਦੇਖੋ)
- ਜਦੋ ਯਿਸ਼ੂ ਨੇ ਪਾਣੀ ਮੰਗਿਆ ਤਾਂ ਉਹ ਔਰਤ ਹੈਰਾਨ ਕਿਉਂ ਹੋ ਗਈ? (ਆਇਤ 9 ਦੇਖੋ)
- ਯਿਸ਼ੂ ਨੇ ਔਰਤ ਨੂੰ ਕਿਸ ਤਰ੍ਹਾਂ ਦਾ ਪਾਣੀ ਦੇਣ ਲਈ ਕਿਹਾ? (14)
- ਇਹੋ ਜਿਹੀ ਕੋਈ ਖਾਸ ਥਾਂ ਹੈ, ਜਿਥੇ ਲੋਕਾਂ ਨੂੰ ਪਰਮੇਸ਼ਵਰ ਦੀ ਅਰਾਧਨਾ ਜ਼ਰੂਰ ਕਰਨੀ ਚਾਹੀਦੀ ਹੈ? (ਆਇਤਾ 21 ਅਤੇ 24 ਦੇਖੋ)
- ਯਿਸ਼ੂ ਨੇ ਕਿਸਨੂੰ ਆਖਿਆ ਕਿ ਉਹ ਉਹੀ ਸੀ? (ਆਇਤ 26 ਦੇਖੋ)
- ਯਿਸ਼ੂ ਦਾ ਇਹ ਕਹਿਣ ਦਾ ਕੀ ਮਤਲਬ ਸੀ, ਜਦੋ ਉਹਨੇ ਆਖਿਆ ਕਿ ਫਸਲ ਵਾਡੀ ਕਰਣ ਵਾਸਤੇ ਤਿਆਰ ਹੈ। (ਉੱਤਰ:- ਬਹੁਤ ਸਾਰੇ ਲੋਕ ਯਿਸ਼ੂ ਦੇ ਸ਼ੁੱਭ ਸੰਦੇਸ਼ ਦਾ ਪ੍ਰਤੀ ਉੱਤਰ ਦੇਣ ਲਈ ਤਿਆਰ ਸਨ, ਪਰ ਇਹ ਸਾਨੂੰ ਉਨ੍ਹਾਂ ਨੂੰ ਜ਼ਰੂਰ ਪਹਿਲਾ ਦੱਸ ਦੇਣਾ ਹੋਵੇਗਾ।)

ਇਸ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ। ਕਲੀਸੀਆਂ ਦੀ ਅਰਾਧਨਾ ਦੇ ਮੁੱਖ ਅਗਵੇ ਨਾਲ ਮਿੱਲ ਕੇ ਇਸ ਨਾਟਕ ਦਾ ਸਾਰ ਪੇਸ਼ ਕਰਣ ਦੀ ਤਿਆਰੀ ਕਰੋ। ਆਪਣੇ ਸ਼ਮੇ ਨੂੰ, ਬੱਚਿਆਂ ਨੂੰ ਨਾਟਕ ਤਿਆਰ ਕਰਾਉਣ ਵਿੱਚ ਇਸਤਮਾਲ ਕਰੋ। ਤੁਹਾਨੂੰ ਸਾਰੇ ਹਿੱਸਿਆਂ ਨੂੰ ਕਰਨ ਦੀ ਜ਼ਰੂਰਤ ਨਹੀ ਹੈ।

- ਵੱਡੇ ਬੱਚੇ ਜਾ ਬਾਂਲਗਾ ਤਸਵੀਰ ਬਨਾਉਣ।

**ਵਾਚਕ** : ਕਹਾਣੀ ਦਾ ਨਿਚੋੜ ਕੱਢ ਕੇ, ਬੱਚਿਆਂ ਨੂੰ ਯਾਦ ਕਰਾਉਣ ਵਿੱਚ ਮੱਦਦ ਕਰੋ, ਕਿ ਉਨ੍ਹਾਂ ਨੇ ਕੀ ਕਹਿਣਾ ਹੈ?

**ਯਿਸ਼ੂ** ਕਿਸੇ ਇਸ ਤਰ੍ਹਾਂ ਦੀ ਜਗ੍ਹਾ ਕੋਲ ਬੈਠੇ, ਜਿਹੜੀ ਕਿ ਇੱਕ ਖੂਹ ਵਰਗੀ ਦਿੱਖਦੀ ਹੋਵੇ।

**ਸਾਮਰੀ** ਔਰਤ ਇੱਕ ਘੜੇ ਨੂੰ ਆਪਣੇ ਸਿਰ ਨੂੰ ਰੱਖੇ।

ਛੋਟੇ ਬੱਚੇ ਇਹ ਤਸਵੀਰ ਬਣਾਉਣ।

ਚੇਲਿਆਂ ਦੀ ਖਾਣੇ ਦੇ ਨਾਲ

**ਸਾਮਰੀਆ ਦੀ**

**ਯਿਸ਼ੂ**: ਯਿਸ਼ੂ ਖੂਹ ਕੋਲ ਬੈਠੇ ਹਨ।

**ਵਾਚਕ**: ਯਹੂੰਨਾ 4:1-26 ਵਿੱਚ ਕਹਾਣੀ ਦਾ ਪਹਿਲਾ ਹਿੱਸਾ ਦੱਸੇ, ਆਖੇ, ''ਸੁਣੋ ਚੇਲੇ ਕਿ ਆਖਦੇ ਹਨ।''

**ਚੇਲੇ** : ''ਯਿਸ਼ੂ ਤੂੰ ਥੱਕ ਗਿਆ ਹੈ, ਯਾਤਰਾ ਬੜੀ ਲੰਮੀ ਸੀ, ਇਸ ਖੂਹ ਕੋਲ ਬਹਿ ਕੇ ਅਰਾਮ ਕਰੋ, ਅਸੀ ਸਾਮਰੀਆ ਪਿੰਡ ਵਿੱਚ ਜਾ ਕੇ ਖਾਣਾ ਲੈ ਕੇ ਆਉਦੇਂ।''

**ਸਾਮਰੀ ਔਰਤ**:- ਘੜਾ ਚੁੱਕ ਕੇ ਯਿਸ਼ੂ ਵੱਲ ਆਉਂਦੀ ਹੈ।

**ਯਿਸ਼ੂ**:- ''ਬੇਨਤੀ ਕਰਕੇ ਮੈਨੂੰ ਥੋੜਾ ਪਾਣੀ ਦੇ।''

**ਸਾਮਰੀ ਔਰਤ**:- ''ਹੈਰਾਨੀ ਨਾਲ ''ਆਖੇ, ਤੂੰ ਇੱਕ ਯਹੂਦੀ ਹੈ, ਤੂੰ ਮੈਨੂੰ ਕਿਉ ਜੋ ਇਕ ਸਾਮਰੀ ਔਰਤ ਹਾਂ ਪਾਣੀ ਪਿਲਾਣ ਵਾਸਤੇ ਆਖਦਾ ਹੈਂ?''

**ਯਿਸ਼ੂ**:- ''ਮੈ ਤੈਨੂੰ ਜੀਵਨ ਦਾ ਜਲ ਦਿਆਂਗਾ, ਉਸ ਨਾਲ ਤੈਨੂੰ ਸਦਾ ਤੱਕ, ਕਦੀ ਵੀ ਪਿਆਸੀ ਨਹੀ ਰਹੇਗੀ।''

**ਸਾਮਰੀ ਔਰਤ**:- ਹੈਰਾਨ ਹੋ ਕੇ ਆਖੇ, ''ਇਹ ਤੂੰ ਕਿਸ ਤਰ੍ਹਾਂ ਕਰ ਸਕਦਾ ਹੈ?''

**ਯਿਸ਼ੂ**:- ''ਮੈ ਮਸ਼ੀਹ ਹਾਂ, ਪਰਮੇਸ਼ਵਰ ਦਾ ਚੁਣਿਆ ਹੋਇਆ।''

**ਵਾਚਕ**:- ਯਹੂੰਨਾ 4:27-38 ਵਿੱਚੋ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ ਤੇ ਆਖੇ, ''ਸੁਣੋ ਚੇਲੇ ਕੀ ਆਖਦੇ ਹਨ?''

**ਚੇਲੇ**:- ''ਦੇਖੋ! ਯਿਸ਼ੂ ਨਾਲ ਉਹ ਔਰਤ ਕੋਣ ਹੈ? ਉਹ ਆਪਣਾ ਘੜਾ ਛੱਡ ਕੇ ਮੁੜ ਪਿੰਡ ਵੱਲ ਕਿਉ ਜਾ ਰਹੀ ਹੈ। ਉਹ ਬੜੀ ਖੁਸ਼ ਨਜਰ ਆ ਰਹੀ ਹੈ! ਇੱਥੇ, ਯਿਸ਼ੂ ਕੁਝ ਖਾਣਾ ਖਾ ਲਉ।''

**ਯਿਸ਼ੂ** ''ਮੇਰੇ ਕੋਲ ਵੱਖ ਤਰ੍ਹਾਂ ਦਾ ਖਾਣਾ ਹੈ। ਮੇਰਾ ਖਾਣਾ ਲੋਕਾ ਨੂੰ ਪਰਮੇਸ਼ਵਰ ਬਾਰੇ ਜਾਣਨ ਵਿੱਚ ਮੱਦਦ ਕਰਨਾ ਹੈ। ਹੇਮਸ਼ਾਂ ਲੋਕਾਂ ਨੂੰ ਸ਼ੁੱਭ ਸਮਾਚਾਰ ਦੱਸਣ ਵਿੱਚ ਤਿਆਰ ਰਹਿੰਦਾ ਹਾਂ।''

**ਵਾਚਕ**: ਕਹਾਣੀ ਦੇ ਤੀਜੇ ਹਿੱਸੇ ਬਾਰੇ ਦੱਸੇ (ਯਹੂੰਨਾ 4:39-42) ਅਤੇ ਆਖੇ, ''ਸੁਣੋ ਸਾਮਰੀ ਔਰਤ ਕੀ ਕਹਿੰਦੀ ਹੈ?''

**ਸਾਮਰੀ ਔਰਤ** :- ''ਸਾਮਰੀਆਂ ਨੂੰ ਆਖੇ, ਜਿਹੜੇ ਕਿ ਲਾਗੇ ਖਲੋਤੇ ਹਨ, ''ਆਉ ਇਸ ਆਦਮੀ ਨੂੰ ਵੇਖੋ, ਜਿਹੜਾ ਕੁਝ ਮੈਂ ਕੀਤਾ ਸੀ, ਉਹ ਸਾਰਾ ਇਸ ਨੇ ਮੈਨੂੰ ਦੱਸ ਦਿੱਤਾ। ਇਹ ਪਰਮੇਸ਼ਵਰ ਦਾ ਚੁਣਿਆ ਹੋਇਆ ਜਨ ਹੈ।''

**ਸਾਮਰੀ** :- ''ਚਲੋ ਅਸੀਂ ਜਾ ਕੇ ਉਸ ਆਦਮੀ ਨੂੰ ਵੇਖਦੇ ਹਾਂ।'' ''ਅਸੀ ਵੀ ਉਹਦੇ ਵਿੱਚ ਵਿਸ਼ਵਾਸ ਕਰਾਗੇ।''

**ਵਾਚਕ**: ਉਨ੍ਹਾਂ ਸਭਨਾ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਇਹ ਨਾਟਕ ਕਰਣ ਵਿੱਚ ਮੱਦਦ ਕੀਤੀ ਹੈ।

ਜੇ ਬੱਚੇ ਇਹ ਨਾਟਕ ਬਾਲਿਗਾਂ ਲਈ ਕਰਨਾ ਚਾਹੁੰਦੇ ਹਨ, ਤਾਂ ਉਹ ਬਾਲਿਗਾਂ ਕੋਲੋਂ ਕੁਝ ਪ੍ਰਸ਼ਨ ਪੁੱਛਣ ਜਿੰਨ੍ਹਾਂ ਦੀ ਉਤੇ ਸੂਚੀ ਦਿੱਤੀ ਗਈ ਹੈ। ਵਾਚਕ ਵੀ ਕਹਿ ਸਕਦਾ ਹੈ, ''ਹੋਰ ਕਿਹੜੀਆਂ ਉਦਾਹਰਨਾ ਲੋਕਾਂ ਦੀਆਂ, ਉਨ੍ਹਾਂ ਨੇ ਯਿਸ਼ੂ ਨੂੰ ਉੱਤਰ ਦਿੱਤਾ, ਜਿੰਨ੍ਹਾਂ ਲਈ ਅਸੀਂ ਕਦੇ ਉਮੀਦ ਵੀ ਨਹੀ ਕਰ ਸਕਦੇ?'' (ਲੋਕਾ ਨੂੰ ਉਦਾਹਰਣਾ ਦੇਣ ਦਿਉ)

ਇੱਕ ਖੂੰਹ ਦੀ ਤਸਵੀਰ ਬਣਾਉ, ਬੱਚੇ ਇਹਦੀ ਨਕਲ ਕਰਨ। ਇਸ ਤਸਵੀਰ ਨੂੰ ਉਹ ਬਾਲਿਗਾਂ ਦੀ ਆਉਣ ਵਾਲੀ ਅਰਾਧਨਾ ਵੇਲੇ ਦਿਖਾ ਸਕਦੇ ਹਨ, ਉਹ ਇਹ ਸਮਝਾਣ। ਇਹ ਸਾਨੂੰ ਦਰਸ਼ਾਉਦਾ ਹੈ, ਕਿਵੇਂ ਪਰਮੇ ਸ਼ਵਰ ਸਾਡੇ ਵਾਸਤੇ ਹਮੇਸ਼ਾ ਤਿਆਰ ਰਹਿੰਦਾ ਹੈ ।ਸਾਨੂੰ ਜੀਵਨ ਦਾ ਜਲ ਹਰ ਇੱਕ ਨੂੰ ਦੇਣ ਲਈ, ਜਿਹੜਾ ਕਿ ਉਹਨੂੰ ਸਵੀਕਾਰ ਕਰਦਾ ਹੈ।



ਯਾਦ ਕਰੋ ਕੁਲਿਸੀਆ 4:3.

ਕਵਿਤਾ ਦੁਹਰਾਉ। ਚਾਰ ਬੱਚੇ ਲੈ ਕੇ ਹਰੇਕ ਬੱਚਾ ਜਬੂਰਾਂ ਦੀ ਪੋਥੀ 19:1-4 ਵਿੱਚੋਂ ਇੱਕ-ਇੱਕ ਆਇਤ ਨੂੰ ਦੁਹਰਾਏ , ਉਹ ਇਹਨੂੰ ਬਾਲਿਗਾਂ ਵਾਸਤੇ ਵੀ ਦੁਹਰਾ ਸਕਦੇ ਹਨ।

**ਪ੍ਰਾਥਨਾ:** ਪਰਮੇਸ਼ਵਰ, ''ਅਸੀਂ ਖੁੱਸ਼ ਹਾਂ ਕਿ ਅਸੀ ਜਿੱਥੇ ਕਿਤੇ ਵੀ ਅਰਾਧਨਾ ਕਰਨਾ ਚਾਹਦੇ ਹਾਂ, ਕਰ ਸਕਦੇ ਹਾਂ। ਤੁਸੀਂ ਸਾਰੀਆਂ ਬੋਲੀਆਂ ਅਤੇ ਸੱਭਿਆਚਾਰਾਂ ਦੇ ਲੋਕਾਂ ਨੂੰ ਪਿਆਰ ਕਰਦੇ ਹੋ। ਤੁਹਾਡਾ ਧੰਨਵਾਦ ਤੁਸੀਂ ਸਾਨੂੰ ਆਪਣੇ ਸ਼ੁੱਭ ਸੰਦੇਸ਼ ਨੂੰ ਲੈ ਕੇ ਸਾਰੇ ਰਾਜਾ ਦੇ ਲੋਕਾਂ ਲਈ ਭੇਜਿਆ। ਸਾਡੀ ਇਹ ਯਾਦ ਰੱਖਣ ਵਿੱਚ ਮੱਦਦ ਕਰੋ ਕਿ ਆਲੇ ਦੁਆਲੇ ਦੇ ਲੋਕ ਤੁਹਾਡੇ ਸ਼ੁੱਭ ਸੰਦੇਸ਼ ਦੇ ਪ੍ਰਤੀ ਉੱਤਰ ਦੇਣ ਲਈ ਤਿਆਰ ਰਹਿਣ। ਸਾਡੀ ਮੱਦਦ ਕਰੋ ਕਿ ਅਸੀਂ ਉਨ੍ਹਾਂ ਨੂੰ ਇਹ ਦੱਸਣ ਵਿੱਚ ਸਦਾ ਵਫਾਦਾਰ ਰਹੀਏ।''

Copyright 2004 © by Paul-Timothy. May be freely copied. Download from www.Paul-Timothy.net